ਵਿਸ਼ਾ- ਪੰਜਾਬੀ ਜਮਾਤ- ਨੌਵੀਂ

# ਵਿਧਾਤਾ ਸਿੰਘ ਤੀਰ ( ਸਾਹਿਤ-ਮਾਲਾ )

## 1. ਨਵੀਂ ਪੁਰਾਣੀ ਤਹਿਜ਼ੀਬ

ਹੱਥ ਵੇਲਾ ਨਹੀਂ ਆਉਂਦਾ , ਹੱਥੋਂ ਜੋ ਗਵਾਚ ਗਿਆ ,

ਉਹ ਜੋਬਨ ਨਹੀਂ ਮੁੜਦਾ , ਜੋ ਪੱਤਰਾ ਵਾਚ ਗਿਆ ।

ਪਾਣੀ ਦਰਿਆਵਾਂ ਦੇ , ਇਕ ਵਾਰ ਜੋ ਵਹਿ ਗਏ ਹਨ ,

ਪਰਤਣ ਨਾ ਪੱਤਣਾਂ ' ਤੇ , ਇਹ ਦਾਨੇ ਕਹਿ ਗਏ ਹਨ ।

ਤਦਬੀਰ ਲਿਆਏ ਕਿਵੇਂ , ਤਕਦੀਰ ਜੋ ਲੈ ਗਈ ਹੈ ,

ਗੱਲਾਂ ਹਨ ਚੱਲੀਆਂ ਤਾਂ , ਗੱਲ ਕਰਨੀ ਪੈ ਗਈ ਹੈ ।

**ਪ੍ਰਸੰਗ**- ਇਹ ਕਾਵਿ ਟੋਟਾ ਸਾਹਿਤ-ਮਾਲਾ ਪੁਸਤਕ ਵਿਚ ਦਰਜ ਵਿਧਾਤਾ ਸਿੰਘ ਤੀਰ ਦੀ ਲਿਖੀ ਹੋਈ ਕਵਿਤਾ 'ਨਵੀਂ ਪੁਰਾਣੀ ਤਹਿਜ਼ੀਬ' ਵਿੱਚੋਂ ਲਿਆ ਗਿਆ ਹੈ । ਇਸ ਕਵਿਤਾ ਵਿੱਚ ਕਵੀ ਨੇ ਨਵੀਂ ਅਤੇ ਪੁਰਾਣੀ ਸੱਭਿਅਤਾ ਦੇ ਬਾਰੇ ਗੱਲ ਕੀਤੀ ਹੈ । ਕਵੀ ਨੇ ਆਪਣੀ ਕਵਿਤਾ ਵਿੱਚ ਸੱਭਿਅਤਾ ਦੇ ਰਹਿਣ-ਸਹਿਣ ਦੇ ਤਰੀਕਿਆਂ ਨੂੰ ਵਿਅੰਗ ਦਾ ਨਿਸ਼ਾਨਾ ਬਣਾਇਆ ਹੈ ।

**ਵਿਆਖਿਆ**- ਕਵੀ ਲਿਖਦਾ ਹੈ ਕਿ ਸਾਡੇ ਜੀਵਨ ਵਿਚ ਵੇਲੇ ਦੀ ਬਹੁਤ ਮਹੱਤਤਾ ਹੈ। ਇਹ ਵੇਲਾ ਮਨੁੱਖ ਦੇ ਹੱਥੋਂ ਇਕ ਵਾਰੀ ਹੱਥੋਂ ਨਿਕਲ ਜਾਵੇ ,ਤਾਂ ਉਹ ਮੁੜ ਕੇ ਕਦੇ ਵੀ ਵਾਪਸ ਨਹੀਂ ਆਉਂਦਾ ਅਤੇ ਨਾ ਹੀ ਕਦੇ ਇਕ ਵਾਰੀ ਜਵਾਨੀ ਚਲੇ ਜਾਣ ਤੇ ਮੁੜ ਕੇ ਜਵਾਨੀ ਵਾਪਸ ਆਉਂਦੀ ਹੈ । ਬਾਅਦ ਵਿੱਚ ਤਾਂ ਸਿਰਫ਼ ਗੱਲਾਂ ਹੀ ਰਹਿ ਜਾਂਦੀਆਂ ਹਨ ।ਕਵੀ ਪਾਣੀ ਬਾਰੇ ਗੱਲ ਕਰਦਾ

ਹੋਇਆ ਦੱਸਦਾ ਹੈ ਕਿ ਦਰਿਆ ਦਾ ਜਿਹੜਾ ਪਾਣੀ ਇਕ ਵਾਰੀ ਪੱਤਣਾਂ ਉੱਤੋਂ ਲੰਘ ਜਾਂਦਾ ਹੈ , ਉਹ ਮੁੜ ਕੇ ਕਦੇ ਵੀ ਵਾਪਸ ਨਹੀਂ ਆਉਂਦਾ। ਜਿਸ ਚੀਜ਼ ਨੂੰ ਇੱਕ ਵਾਰੀ ਕਿਸਮਤ ਆਪਣੇ ਹੱਥੋਂ ਖੋਹ ਕੇ ਲੈ ਜਾਵੇ , ਉਸਨੂੰ ਤੁਸੀਂ ਕਿਸੇ ਵੀ ਤਰੀਕੇ ਨਾਲ ਮੁੜ ਵਾਪਸ ਨਹੀਂ ਲਿਆ ਸਕਦੇ। ਲੋਕੀ ਸੱਚ ਆਖਦੇ ਹਨ ਕਿ ਜਿਹੜੀ ਪੁਰਾਣੀ ਸੱਭਿਅਤਾ ਇਕ ਵਾਰੀ ਚਲੀ ਗਈ ਹੈ , ਭਾਵੇਂ ਉਹ ਕਿੰਨੀ ਵਧੀਆ ਕਿਉਂ ਨਾ ਹੋਵੇ , ਮੁੜ ਕੇ ਕਦੇ ਵੀ ਵਾਪਸ ਨਹੀਂ ਆ ਸਕਦੀ।

ਤਹਿਜ਼ੀਬ ਗਵਾਈ ਨਹੀਂ , ਅਸਾਂ ਅਕਲ ਗਵਾ ਲਈ ਹੈ ,

ਕਪਲਾ ਗਊ ਦੇ ਕੇ ਘਰੋਂ , ਇਕ ਖੋਤੀ ਵਟਾ ਲਈ ਹੈ।

ਦੁੱਧ ਪੀਣੋਂ ਰਹਿ ਗਏ ਹਾਂ , ਲਿੱਦ ਝੋਲੀ ਪਾ ਲਈ ਹੈ ,

ਕੀ ਲਈ ਤਹਿਜ਼ੀਬ ਨਵੀਂ , ਗੱਲ ਜ਼ਹਿਮਤ ਪਾ ਲਈ ਹੈ।

ਜੇ ਇਹ ਵੀ ਕਹਿ ਦੇਈਏ , ਮਾਸਾ ਨਹੀਂ ਝੂਠ ਕੁਈ ,

ਰਿਸ਼ੀਆਂ ਦੇ ਚੌਂਕੇ ਵਿਚ , ਪੱਛਮ ਦੀ ਜੂਠ ਕੁਈ।

ਆਈ ਅੱਗ ਲੈਣ ਲਈ, ਆ ਕੇ ਘਰ ਪਾ ਬੈਠੀ ,

ਭਾਰਤ ਦਾ ਸਾਊਪੁਣਾ, ਸਭ ਰਿੰਨ੍ਹ ਕੇ ਖਾ ਬੈਠੀ।

**ਪ੍ਰਸੰਗ**- ਇਹ ਕਾਵਿ ਟੋਟਾ ਸਾਹਿਤ-ਮਾਲਾ ਪੁਸਤਕ ਵਿਚ ਦਰਜ ਵਿਧਾਤਾ ਸਿੰਘ ਤੀਰ ਦੀ ਲਿਖੀ ਹੋਈ ਕਵਿਤਾ 'ਨਵੀਂ ਪੁਰਾਣੀ ਤਹਿਜ਼ੀਬ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿੱਚ ਕਵੀ ਨੇ ਨਵੀਂ ਅਤੇ ਪੁਰਾਣੀ ਸੱਭਿਅਤਾ ਦੇ ਬਾਰੇ ਗੱਲ ਕੀਤੀ ਹੈ। ਕਵੀ ਨੇ ਆਪਣੀ ਕਵਿਤਾ ਵਿੱਚ ਸੱਭਿਅਤਾ ਦੇ ਰਹਿਣ-ਸਹਿਣ ਦੇ ਤਰੀਕਿਆਂ ਨੂੰ ਵਿਅੰਗ ਦਾ ਨਿਸ਼ਾਨਾ ਬਣਾਇਆ ਹੈ।

**ਵਿਆਖਿਆ** -ਇਸ ਕਵਿਤਾ ਵਿਚ ਕਵੀ ਲਿਖਦਾ ਹੈ ਕਿ ਅਸੀਂ ਕੇਵਲ ਆਪਣੀ ਸੱਭਿਅਤਾ ਅਤੇ ਅਕਲ ਦੋਹਾਂ ਨੂੰ ਹੀ ਗਵਾ ਲਿਆ ਹੈ। ਜਿਸ ਤਰਾਂ ਅਸੀਂ ਜਾਣਦੇ

ਹਾਂ ਕਿ ਸਾਡੀ ਪੁਰਾਣੀ ਸੱਭਿਅਤਾ ਤਾਂ ਪਵਿੱਤਰ ਕਪਿਲਾ ਗਊ ਦੇ ਸਮਾਨ ਸੀ , ਪਰ ਅਸੀਂ ਉਸਨੂੰ ਘਰੋਂ ਕੱਢ ਕੇ ਆਪਣੇ ਘਰ ਇਕ ਖੋਤੀ ਨੂੰ ਲੈ ਆਂਦਾ ਹੈ ।ਇਸਦਾ ਅਸਰ ਇਹ ਹੋਇਆ ਕਿ ਅਸੀਂ ਗਊ ਦੇ ਸ਼ੁੱਧ ਦੁੱਧ ਤੋਂ ਵੀ ਵਾਂਝੇ ਰਹਿ ਗਏ ਤੇ ਇਸਦੇ ਬਦਲੇ ਖੋਤੀ ਦੀ ਲਿੱਦ ਸਾਡੀ ਝੋਲ਼ੀ ਪੈ ਗਈ ਹੈ ਤੇ ਇਹ ਸਭ ਸਾਡੇ ਮੂਰਖ ਪੁਣੇ ਕਰਕੇ ਹੋਇਆ ਹੈ । ਅਸੀਂ ਨਵੀਂ ਪੱਛਮੀ ਸੱਭਿਅਤਾ ਦੀ ਬਿਮਾਰੀ ਆਪਣੇ ਗਲ਼ ਪਾ ਲਈ ਹੈ । ਜੇਕਰ ਅਸੀਂ ਇਸ ਬਾਰੇ ਇਸ ਤਰਾਂ ਕਹਿ ਲਈਏ ਤਾਂ ਇਸ ਵਿਚ ਜਮਾਂ ਵੀ ਝੂਠ ਨਹੀਂ ਕਿ ਰਿਸ਼ੀਆਂ ਦੇ ਪਵਿੱਤਰ ਚੌਕੇ ਰੂਪ ਭਾਰਤ ਦੇਸ਼ ਵਿਚ ਪੱਛਮ ਦੀ ਜੂਠ ਆ ਗਈ ਹੈ , ਜਿਸਨੇ ਸਾਡੇ ਦੇਸ਼ ਨੂੰ ਭ੍ਰਿਸ਼ਟ ਕਰ ਦਿੱਤਾ ਹੈ ।ਇਹ ਪੁਰਾਣੀ ਸੱਭਿਅਤਾ ਤਾਂ ਸਾਡੇ ਦੇਸ਼ ਵਿੱਚ ਵਪਾਰ ਕਰਨ ਦੇ ਬਹਾਨੇ ਇੱਥੇ ਕਬਜ਼ਾ ਕਰਕੇ ਹੀ ਬੈਠ ਗਈ ਹੈ । ਇਸਨੇ ਭਾਰਤ ਦੇਸ਼ ਦੀ ਸ਼ਰਾਫ਼ਤ ਦਾ ਫਾਇਦਾ ਚੁੱਕ ਕੇ ਇਸਨੂੰ ਪੂਰੀ ਤਰਾਂ ਖਾ ਗਈ ਹੈ ।

ਜੋ ਅੱਜ ਤੀਕ ਨਹੀਂ ਆਖੀ, ਉਹ ਆਖੀ ਜਾਣੀ ਹੈ ,

ਉਹ ਦੁੱਧ ਸੀ ਬਰਕਤ ਦਾ, ਇਹ ਫੁੱਟ ਦਾ ਪਾਣੀ ਹੈ ।

ਉਹ ਜੀਵਨ ਦੇਂਦੀ ਸੀ, ਇਹ ਜੀਵਨ ਲੈਂਦੀ ਹੈ ,

ਉਹ ਖਾਣ ਨੂੰ ਦੇਂਦੀ ਸੀ, ਇਹ ਖਾਣ ਨੂੰ ਪੈਂਦੀ ਹੈ ।

ਉਹ ਬਾਂਹ ਬਣਾਂਦੀ ਸੀ, ਇਹ ਬਾਹਵਾਂ ਭੰਨਦੀ ਹੈ ,

ਉਹ ਵੀਰ ਮਨਾਂਦੀ ਸੀ, ਇਹ ਵੀਰ ਲੜਾਂਦੀ ਹੈ ,

ਉਹ ਛਾਵੇਂ ਸੁੱਟਦੀ ਸੀ, ਇਹ ਸੁੱਕਣੇ ਪਾਂਦੀ ਹੈ ।

ਉਹ ਭੋਲ਼ੀ-ਭਾਲ਼ੀ ਸੀ, ਇਹ ਚੰਚਲ ਮਨ ਦੀ ਹੈ ।

ਉਸ ਵਿਚ ਇਕ ਕਰਦਾ ਸੀ, ਸਭ ਟੱਬਰ ਖਾਂਦਾ ਸੀ ,

ਸੀ ਸਮੇਂ ਆਜ਼ਾਦੀ ਦੇ, ਹਿੰਦ ਢੋਲੇ ਗਾਂਦਾ ਸੀ ।

ਪ੍ਰਸੰਗ – ਇਹ ਕਾਵਿ ਟੋਟਾ ਸਾਹਿਤ-ਮਾਲਾ ਪੁਸਤਕ ਵਿਚ ਦਰਜ ਵਿਧਾਤਾ ਸਿੰਘ ਤੀਰ ਦੀ ਲਿਖੀ ਹੋਈ ਕਵਿਤਾ ਨਵੀਂ ਪੁਰਾਣੀ ਤਹਿਜ਼ੀਬ ਵਿੱਚੋਂ ਲਿਆ ਗਿਆ ਹੈ । ਇਸ ਕਵਿਤਾ ਵਿਚ ਕਵੀ ਨੇ ਭਾਰਤ ਦੀ ਨਵੀਂ ਸੱਭਿਅਤਾ ਤੇ ਦੁੱਖ ਪ੍ਰਗਟ ਕੀਤਾ ਹੈ ਤੇ ਇਸ ਵਿੱਚ ਕਵੀ ਨੇ ਇਸਦੇ ਰਹਿਣ-ਸਹਿਣ ਨੂੰ ਕਰਾਰੇ ਵਿਅੰਗ ਦਾ ਨਿਸ਼ਾਨਾ ਬਣਾਇਆ ਹੈ ।

ਵਿਆਖਿਆ - ਕਵੀ ਕਹਿੰਦਾ ਹੈ ਕਿ ਦੋਵੇਂ ਸੱਭਿਅਤਾ ਦੋਸ਼ਾਂ ਅਤੇ ਗੁਣਾਂ ਬਾਰੇ ਜੋ ਗੱਲ ਕਦੇ ਵੀ ਨਹੀਂ ਕਹੀ ਗਈ, ਮੈਥੋਂ ਉਹ ਗੱਲ ਮਜਬੂਰਨ ਕਹੀ ਜਾਵੇਗੀ । ਪੁਰਾਣੀ ਸੱਭਿਅਤਾ ਨੂੰ ਤਾਂ ਫਾਇਦੇ ਭਰਪੂਰ ਦੁੱਧ, ਪਰੰਤੂ ਨਵੀਂ ਸੱਭਿਅਤਾ ਲੋਕਾਂ ਵਿਚਕਾਰ ਫੁੱਟ ਪੈਦਾ ਕਰਨ ਵਾਲਾ ਪਾਣੀ ਹੈ । ਉਹ ਸੱਭਿਅਤਾ ਤਾਂ ਲੋਕਾਂ ਨੂੰ ਜੀਵਨ ਅਤੇ ਲੋਕਾਂ ਨੂੰ ਖਾਣ ਨੂੰ ਦੇਂਦੀ ਸੀ ਪਰ ਇਹ ਤਾਂ ਮਨੁੱਖੀ ਜੀਵਨ ਹੀ ਖੋਹ ਕੇ ਉਸਨੂੰ ਖਾਣ ਨੂੰ ਪੈਂਦੀ ਹੈ । ਉਹ ਤਾਂ ਪਰਾਏ ਨੂੰ ਵੀ ਆਪਣਾ ਭਰਾ ਬਣਾ ਲੈਣ ਦੀ ਸਮਰੱਥਾ ਰੱਖਦੀ ਸੀ, ਪਰੰਤੂ ਇਹ ਭਰਾਵਾਂ ਨੂੰ ਆਪਸ ਵਿੱਚ ਵਿਛੋੜਦੀ ਹੈ । ਉਸ ਸੱਭਿਅਤਾ ਵਿਚ ਭੋਲ਼ੀ-ਭਾਲ਼ੀ ਇਕਸਾਰਤਾ ਸੀ, ਪਰੰਤੂ ਇਸ ਵਿੱਚ ਚਲਾਇਮਾਨ ਅਸਥਿਰਤਾ ਹੈ । ਉਸ ਸੱਭਿਅਤਾ ਵਿੱਚ ਘਰ ਦਾ ਇਕ ਆਦਮੀ ਕੰਮ ਕਰਕੇ ਸਾਰਿਆਂ ਨੂੰ ਖਾਣ ਨੂੰ ਦਿੰਦਾ ਸੀ । ਹਰ ਕੋਈ ਅਜ਼ਾਦੀ ਤੇ ਖ਼ੁਸ਼ੀ ਦੇ ਗੀਤ ਗਾਉਂਦਾ ਸੀ, ਪਰ ਨਵੀਂ ਸੱਭਿਅਤਾ ਵਿੱਚ ਤਾਂ ਸਾਰੇ ਹੀ ਦੁਖੀ ਤੇ ਤੰਗ ਸਨ ।

ਇਸ ਵਿਚ ਮਰ-ਮਰ ਕੇ ਵੀ, ਸਭ ਭੁੱਖੇ ਮਰਦੇ ਹਨ ,

ਹਉਕੇ ਦਿਨ-ਰਾਤ ਭਰਨ, ਪਰ ਪੇਟ ਨਾ ਭਰਦੇ ਹਨ ।

ਕਿਰਤੀ ਦੀ ਛਾਤੀ ਤੇ ਇਹ, ਮੂੰਗ ਪਈ ਦਲ਼ਦੀ ਹੈ ,

ਰੱਤ ਪੀ ਪੀ ਲਿੱਸਿਆਂ ਦੀ, ਇਹਦੀ ਗੋਗੜ ਪਲਦੀ ਹੈ ।

ਬਿਜਲੀ ਦੇ ਲਾਟੂ ਜੋ, ਇਸਦੇ ਘਰ ਜਗਦੇ ਹਨ ,

ਉਹ ਨੈਣ ਗਰੀਬਾਂ ਦੇ, ਕੱਢੇ ਹੋਏ ਲਗਦੇ ਹਨ ।

ਖੱਲ ਲਾਹ- ਲਾਹ ਲੋਕਾਂ ਦੀ, ਇਹ ਸੂਟ ਸਿਵਾਉਂਦੀ ਹੈ ,

ਪੀਹ-ਪੀਹ ਮਜ਼ਦੂਰਾਂ ਨੂੰ, ਇਹ ਪਾਊਡਰ ਲਾਉਂਦੀ ਹੈ ।

ਆ ਕੇ ਇਸ ਚੰਦਰੀ ਨੇ, ਹੋਣੀ ਵਰਤਾ ਦਿੱਤੀ ,

ਲਾਲੀ ਸਭ ਭਾਰਤ ਦੀ, ਢੰਗ ਨਾਲ ਉਡਾ ਦਿੱਤੀ ।

ਪ੍ਰਸੰਗ - ਇਹ ਕਾਵਿ ਟੋਟਾ ਸਾਹਿਤ-ਮਾਲਾ ਪੁਸਤਕ ਵਿਚ ਦਰਜ ਵਿਧਾਤਾ ਸਿੰਘ ਤੀਰ ਦੀ ਲਿਖੀ ਕਵਿਤਾ ਨਵੀਂ ਪੁਰਾਣੀ ਤਹਿਜ਼ੀਬ ਵਿੱਚੋਂ ਲਿਆ ਗਿਆ ਹੈ । ਇਨ੍ਹਾਂ ਸਤਰਾਂ ਵਿੱਚ ਕਵੀ ਨਵੀਂ ਸੱਭਿਅਤਾ ਵਿੱਚ ਸਰਮਾਏਦਾਰਾਂ ਦੁਆਰਾ ਕਿਰਤੀਆਂ ਦੀ ਲੁੱਟ ਨੂੰ ਨੰਗਾ ਕਰਦਾ ਹੈ ।

ਵਿਆਖਿਆ - ਕਵੀ ਕਹਿੰਦਾ ਹੈ ਕਿ ਨਵੀਂ ਸੱਭਿਅਤਾ ਨੇ ਮਹਿੰਗਾਈ ਇੰਨੀਂ ਵਧਾ ਦਿੱਤੀ ਹੈ ਕਿ ਆਦਮੀ ਮਰ ਮਰ ਕੇ ਵੀ ਇੰਨਾ ਨਹੀਂ ਕਮਾ ਸਕਦਾ ਕਿ ਉਹ ਸਾਰਿਆਂ ਦੀ ਭੁੱਖ ਮਿਟਾ ਸਕੇ । ਉਹ ਰਾਤ-ਦਿਨ ਹਉਕੇ ਤਾਂ ਜਰੂਰ ਭਰਦੇ ਹਨ, ਪਰ ਉਨ੍ਹਾਂ ਦੇ ਪੇਟ ਨਹੀਂ ਭਰਦੇ । ਨਵੀਂ ਸੱਭਿਅਤਾ ਕਿਰਤੀਆਂ ਦੀ ਛਾਤੀ ਤੇ ਮੂੰਗ ਦਲ਼ਣ ਦਾ ਕੰਮ ਕਰਦੀ ਹੈ । ਇਹ ਗ਼ਰੀਬ ਕਿਰਤੀਆਂ ਲੋਕਾਂ ਦਾ ਲਹੂ ਪੀ ਕੇ ਸਰਮਾਏਦਾਰ ਦੀ ਗੋਗੜ ਨੂੰ ਪਾਲਦੀ ਹੈ । ਸਰਮਾਏਦਾਰਾਂ ਦੇ ਘਰਾਂ ਵਿੱਚ ਜੋ ਬਿਜਲੀ ਦੇ ਘਰ ਜਗਦੇ ਲਾਟੂ ਗਰੀਬਾਂ ਦੀਆਂ ਕੱਢੀਆਂ ਅੱਖਾਂ ਵਾਂਗੂੰ ਜਾਪਦੇ ਹਨ ।ਇਹ ਸਰਮਾਏਦਾਰ ਲੋਕਾਂ ਦੀ ਖੱਲ ਲਾਹ ਲਾਹ ਕੇ ਆਪ ਨਵੇਂ ਸੂਟ ਪਾਈ ਫਿਰਦੇ ਹਨ ਤੇ ਨਾਲ ਹੀ ਗ਼ਰੀਬ

ਮਜ਼ਦੂਰਾਂ ਦੀ ਹੱਡੀਆਂ ਨੂੰ ਪੀਹ ਕੇ ਉਨ੍ਹਾਂ ਦੀਆਂ ਜਨਾਨੀਆਂ ਲਈ ਪਾਊਡਰ ਵੀ ਤਿਆਰ ਕੀਤਾ ਜਾਂਦਾ ਹੈ ।ਇਸ ਚੰਦਰੀ ਪੱਛਮੀ ਸੱਭਿਅਤਾ ਨੇ ਆ ਕੇ ਅਜਿਹੀ ਹੋਣੀ ਵਰਤਾਈ ਹੈ ਕਿ ਭਾਰਤ ਦੇ ਚਿਹਰੇ ਉੱਪਰ ਪੁਰਾਣੀ ਸੱਭਿਅਤਾ ਦੀ ਜਿਹੜੀ ਲਾਲੀ ਸੀ, ਉਹ ਸਾਰੀ ਇਸਨੇ ਬੜੇ ਤਰੀਕੇ ਨਾਲ ਉਡਾ ਕੇ ਰੱਖ ਦਿੱਤੀ ਹੈ ।

ਪਿਛਲੇ ਵਰਿਆਮਾਂ ਦੇ, ਹੁਣ ਨਾਵੇਂ ਰਹਿ ਗਏ ਹਨ ,
ਅਜ-ਕਲ੍ਹ ਦੇ ਗੱਭਰੂ ਤਾਂ, ਪਰਛਾਵੇਂ ਰਹਿ ਗਏ ਹਨ ।
ਪੈਲ਼ੀ ਦੀ ਵਾਟ ਕਰਨ, ਤਾਂ ਕੋਠੀ ਹੱਲਦੀ ਹੈ ,
ਮੂੰਗੀ ਦੀ ਦਾਲ਼ ਪਈ, ਨਾ ਢਿੱਡ ਵਿਚ ਗਲ਼ਦੀ ਹੈ ।
ਇਹ ਬਿਜਲੀ ਕੜਕ ਪਈ ਭਾਰਤ ਦੇ ਵੇਸਾਂ ਤੇ ,
ਇਸ ਕੈਂਚੀ ਧਰ ਦਿੱਤੀ, ਕੁੜੀਆਂ ਦਿਆਂ ਕੇਸਾਂ ਤੇ ।
ਕੀ ਹੈ ਤਹਿਜ਼ੀਬ ਨਵੀਂ, ਟਿੱਕਾ ਬਦਨਾਮੀ ਦਾ ,
ਹਿੰਦ ਦੇ ਗਲ਼ ਲਟਕ ਰਿਹਾ, ਇੱਕ ਤੌਕ ਗ਼ੁਲਾਮੀ ਦਾ ।

ਪ੍ਰਸੰਗ- ਇਹ ਕਾਵਿ ਟੋਟਾ ਸਾਹਿਤ-ਮਾਲਾ ਪੁਸਤਕ ਵਿਚ ਦਰਜ ਵਿਧਾਤਾ ਸਿੰਘ ਤੀਰ ਦੀ ਲਿਖੀ ਹੋਈ ਕਵਿਤਾ 'ਨਵੀਂ ਪੁਰਾਣੀ ਤਹਿਜ਼ੀਬ' ਵਿੱਚੋਂ ਲਿਆ ਗਿਆ ਹੈ । ਇਸ ਵਿਚ ਕਵੀ ਨੇ ਭਾਰਤ ਦੀ ਪੁਰਾਣੀ ਸੱਭਿਅਤਾ ਦੇ ਦੁੱਖ ਅਤੇ ਨਵੀਂ ਦੇ ਰਹਿਣ-ਸਹਿਣ ਦੇ ਤੌਰ-ਤਰੀਕਿਆਂ ਨੂੰ ਵਿਅੰਗ ਦਾ ਨਿਸ਼ਾਨਾ ਬਣਾਇਆ ਹੈ ।

ਵਿਆਖਿਆ- ਇਸ ਕਵਿਤਾ ਵਿਚ ਕਵੀ ਕਹਿੰਦਾ ਹੈ ਕਿ ਨਵੀਂ ਸੱਭਿਅਤਾ ਵਿਚ ਹੁਣ ਕੋਈ ਨੌਜਵਾਨ ਪੁਰਾਣੇ ਬਹਾਦਰ ਸੂਰਮਿਆਂ ਵਰਗਾ ਨਹੀਂ ਦਿਖਾਈ ਦਿੰਦਾ ਬਸ ਹੁਣ ਤਾਂ ਪੁਰਾਣੇ ਸੂਰਮਿਆਂ ਦੇ ਨਾਂ ਹੀ ਰਹਿ ਗਏ ਹਨ ।ਅਜਿਹੇ ਗੱਭਰੂ ਤਾਂ ਹੁਣ ਪਰਛਾਵੇਂ

ਵਰਗੇ ਕਮਜ਼ੋਰ ਹੀ ਰਹਿ ਗਏ ਹਨ । ਨਵੀਂ ਸੱਭਿਅਤਾ ਦੀ ਉਪਜ ਅਜੋਕੇ ਨੌਜਵਾਨਾਂ ਨੂੰ ਜੇਕਰ ਇਕ ਖੇਤ ਜਿੰਨਾ ਪੈਂਡਾ ਕਰਨਾ ਪੈ ਜਾਵੇ , ਤਾਂ ਇਨ੍ਹਾਂ ਦਾ ਦਿਲ ਧੜਕਣ ਲੱਗ ਪੈਂਦਾ ਹੈ । ਇਨ੍ਹਾਂ ਦੇ ਮਿਹਦੇ ਇੰਨੇ ਕਮਜ਼ੋਰ ਹੋਣ ਕਰਕੇ ਮੂੰਗੀ ਦੀ ਦਾਲ ਵੀ ਨਹੀਂ ਪਚਾ ਸਕਦੇ , ਜਦਕਿ ਪੁਰਾਣੇ ਗੱਭਰੂ ਇਕ ਵੇਲੇ ਸੇਰ-ਸੇਰ ਘਿਓ ਪੀ ਜਾਂਦੇ ਸਨ । ਭਾਰਤ ਦੀ ਪੁਰਾਣੀ ਸੰਸਕ੍ਰਿਤੀ ਤਾਂ ਖ਼ਤਮ ਹੀ ਹੋ ਗਈ ਹੈ ਅਤੇ ਇਸਦੀ ਥਾਂ ਨਵੇਂ ਫੈਸ਼ਨਾਂ ਨੇ ਲੈ ਲਈ ਹੈ ਜਿਨ੍ਹਾਂ ਵਿੱਚ ਕੁੜੀਆਂ ਲੰਮੇਂ ਵਾਲ ਰੱਖਣ ਦੀ ਬਜਾਏ ਛੋਟੇ ਛੋਟੇ ਵਾਲ ਰੱਖਣ ਲੱਗ ਪਈਆਂ ਹਨ । ਕਵੀ ਦੁੱਖ ਪ੍ਰਗਟ ਕਰਦਾ ਹੋਇਆ ਦੱਸਦਾ ਹੈ ਕਿ ਨਵੀਂ ਸੱਭਿਅਤਾ ਭਾਰਤ ਦੇ ਮੱਥੇ ਤੇ ਲੱਗਾ ਬਦਨਾਮੀ ਦਾ ਇੱਕ ਟਿੱਕਾ ਹੈ, ਜੋ ਭਾਰਤ ਦੇ ਗਲ਼ ਵਿੱਚ ਲਟਕ ਰਿਹਾ ਇੱਕ ਗ਼ੁਲਾਮੀ ਦਾ ਪੱਟਾ ਹੈ, ਜਿਸਤੋਂ ਅਜ਼ਾਦ ਹੋਣਾ ਬਹੁਤ ਔਖਾ ਹੈ ।

**ਪ੍ਰਸ਼ਨ – ' ਨਵੀਂ ਪੁਰਾਣੀ ਤਹਿਜ਼ੀਬ' ਕਵਿਤਾ ਦਾ ਕੇਂਦਰੀ ਭਾਵ 40 ਸ਼ਬਦਾਂ ਵਿਚ ਲਿਖੋ ।**

**ਉੱਤਰ** – ਇਸ ਕਵਿਤਾ ਵਿਚ ਕਵੀ ਨੇ ਦੱਸਿਆ ਹੈ ਕਿ ਭਾਰਤ ਦੀ ਪੁਰਾਣੀ ਸੱਭਿਅਤਾ ਵਿਚ ਲੋਕ ਬਹੁਤ ਹੀ ਸਾਦਾ ਜੀਵਨ ਵਤੀਤ ਕਰਦੇ ਸਨ । ਉਨ੍ਹਾਂ ਵਿੱਚ ਪ੍ਰੇਮ-ਪਿਆਰ, ਸਾਊਪੁਣਾ , ਪਵਿੱਤਰਤਾ ਤੇ ਸਾਦਗੀ ਸੀ, ਪਰੰਤੂ ਅੱਜ ਦੀ ਸੱਭਿਅਤਾ ਕਮਜ਼ੋਰ ਸ਼ਰੀਰ ਵਾਲੇ ਗੱਭਰੂਆਂ, ਕਿਰਤੀਆਂ ਦੀ ਲੁੱਟ, ਵੈਰ- ਵਿਰੋਧ ਤੇ ਫੈਸ਼ਨਾਂ ਨਾਲ ਭਰਪੂਰ ਹੈ, ਜਿਸ ਕਰਕੇ ਇਸ ਸੱਭਿਅਤਾ ਨੂੰ ਭਾਰਤ ਦੇ ਮੱਥੇ ਉੱਤੇ ਲੱਗਾ ਕਲੰਕ ਸਮਝਣਾ ਚਾਹੀਦਾ ਹੈ ।

## ★ ਵਸਤੂਨਿਸ਼ਠ ਪ੍ਰਸ਼ਨ ★

ਪ੍ਰਸ਼ਨ - ਕਵੀ ਅਨੁਸਾਰ ਪੱਛਮੀ ਸੱਭਿਅਤਾ ਕਾਰਣ ਕਿਨ੍ਹਾਂ ਦੇ ਮਿਹਦੇ ਕਮਜ਼ੋਰ ਹੋ ਗਏ ਹਨ ?

ਉੱਤਰ - ਗੱਭਰੂਆਂ ਦੇ ।

ਪ੍ਰਸ਼ਨ- ਨਵੀਂ ਪੁਰਾਣੀ ਤਹਿਜ਼ੀਬ ਕਿਸ ਕਵੀ ਦੀ ਰਚਨਾ ਹੈ ?

ਉੱਤਰ- ਵਿਧਾਤਾ ਸਿੰਘ ਤੀਰ ।

ਪ੍ਰਸ਼ਨ- ਕਵੀ ਅਨੁਸਾਰ ਪੁਰਾਣੀ ਤਹਿਜ਼ੀਬ ਕਿਸਦੇ ਬਰਾਬਰ ਸੀ ?

ਉੱਤਰ- ਕਪਲਾ ਗਊ ।

ਪ੍ਰਸ਼ਨ- ਕਵੀ ਨਵੀਂ ਤਹਿਜ਼ੀਬ ਨੂੰ ਕੀ ਕਰਾਰ ਦਿੰਦਾ ਹੈ ?

ਉੱਤਰ- ਜੂਠ ।

ਪ੍ਰਸ਼ਨ- ਕਵੀ ਨੂੰ ਅੱਜ-ਕਲ੍ਹ ਦੇ ਗੱਭਰੂ ਕੀ ਜਾਪਦੇ ਹਨ ?

ਉੱਤਰ- ਪਰਛਾਵੇਂ ।

ਪ੍ਰਸ਼ਨ- ਕਵੀ ਕਿਸਨੂੰ ਗ਼ੁਲਾਮੀ ਦਾ ਤੌਕ ਕਰਾਰ ਦਿੰਦਾ ਹੈ ?

ਉੱਤਰ- ਪੱਛਮੀ ਤਹਿਜ਼ੀਬ ਨੂੰ ।

## 2. ਨੌਜਵਾਨ ਹਿੰਦੀ ਨੂੰ

ਪਰਵਾਨਾ ਬਣ ਕੇ ਦੱਸ ਤੂੰ, ਹਿੰਦੁਸਤਾਨ ਦਾ ।

ਡੰਕਾ ਵਜਾ ਕੇ ਸ਼ੇਰਾ ਤੂੰ, ਭਾਰਤ ਦੀ ਸ਼ਾਨ ਦਾ ।

ਭਾਰਤ ਲਈ ਸ਼ਹੀਦ ਜੇ, ਲੜਦਾ ਵੀ ਹੋ ਗਿਓਂ ,

ਤਾਰਾ ਬਣੇਂਗਾ ਜਗਤ ’ਤੇ, ਫਿਰ ਆਸਮਾਨ ਦਾ ।

**ਪ੍ਰਸੰਗ**- ਇਹ ਕਾਵਿ ਟੋਟਾ ਸਾਹਿਤ-ਮਾਲਾ ਪੁਸਤਕ ਵਿਚ ਦਰਜ ਵਿਧਾਤਾ ਸਿੰਘ ਤੀਰ ਦੀ ਕਵਿਤਾ ‘ਨੌਜਵਾਨ ਹਿੰਦੀ ਨੂੰ’ ਵਿੱਚੋਂ ਲਿਆ ਗਿਆ ਹੈ । ਇਸ ਕਵਿਤਾ ਵਿਚ ਕਵੀ ਨੇ ਆਪਣੇ ਦੇਸ਼ ਦੇ ਨੌਜਵਾਨਾਂ ਨੂੰ ਭਾਰਤ ਦੀ ਅਜ਼ਾਦੀ ਦੀ ਰਖਵਾਲੀ ਕਰਨ ਅਤੇ ਦੇਸ਼ ਨੂੰ ਹਰਿਆ ਭਰਿਆ ਤੇ ਖੁਸ਼ਹਾਲ ਬਣਾਉਣ ਲਈ ਜਾਨ ਦੀ ਬਾਜ਼ੀ ਲਾਉਣ ਲਈ ਵੰਗਾਰਦਾ ਹੈ ।

**ਵਿਆਖਿਆ**- ਇਸ ਕਵਿਤਾ ਵਿਚ ਕਵੀ ਭਾਰਤ ਦੇਸ਼ ਦੇ ਨੌਜਵਾਨਾਂ ਨੂੰ ਆਪਣੇ ਦੇਸ਼ ਭਾਰਤ ਲਈ ਕੁਰਬਾਨੀ ਕਰਨ ਵਾਲਾ ਪਤੰਗਾ ਬਣ ਕੇ ਦੇਸ਼ ਦੀ ਆਨਬਾਨ ਤੇ ਸ਼ਾਨ ਸਾਰੀ ਦੁਨੀਆ ਵਿਚ ਪ੍ਰਸਿੱਧ ਕਰਕੇ ਡੰਕਾ ਸਾਰੇ ਦੇਸ਼ ਵਿਚ ਵਜਾਉਣ ਲਈ ਪ੍ਰੇਰਦਾ ਹੈ । ਜੇਕਰ ਦੇਸ਼ ਦਾ ਨੌਜਵਾਨ ਭਾਰਤ ਦੀ ਅਜ਼ਾਦੀ ਲਈ ਲੜਦਾ ਹੋਇਆ ਸ਼ਹੀਦ ਵੀ ਹੋ ਗਿਆ, ਤਾਂ ਉਹ ਸਾਰੇ ਜਗਤ ਦੇ ਲੋਕਾਂ ਵਿਚ ਅਸਮਾਨ ਦਾ ਤਾਰਾ ਬਣ ਕੇ ਚਮਕੇਗਾ ਅਤੇ ਲੋਕ ਹਮੇਸ਼ਾਂ ਉਸਨੂੰ ਯਾਦ ਰੱਖਣਗੇ ।

ਓ ਨੌਜਵਾਨਾ ਅੱਖ ਹੈ, ਤੇਰੇ ਤੇ ਦੇਸ਼ ਦੀ ,

ਰਾਖਾ ਹੈਂ ਦੇਸ਼ ਦਾ, ਅਤੇ ਕੌਮੀ ਨਿਸ਼ਾਨ ਦਾ ।

ਸੂਰਾ ਹੈਂ ਤੇਰੀ ਜਗ ਨੂੰ, ਪਤਾ ਬਹਾਦਰੀ ,

ਪੂਰਾ ਹੈਂ ਤੂੰ ਜ਼ਬਾਨ ਦਾ, ਅਤੇ ਅਣਖ-ਆਨ ਦਾ ।

ਜੋ ਦੇਸ਼ ਤੇਰੇ ਵੱਲ, ਲਾਲਚੀ ਹੋ ਮੂੰਹ ਕਰੇ ,

ਮੂੰਹ ਫੇਰ ਦੇ ਤੂੰ ਅਣਖੀਆ, ਐਸੇ ਸ਼ੈਤਾਨ ਦਾ ।

**ਪ੍ਰਸੰਗ**- ਇਹ ਕਾਵਿ ਟੋਟਾ ਸਾਹਿਤ-ਮਾਲਾ ਪੁਸਤਕ ਵਿਚ ਦਰਜ ਵਿਧਾਤਾ ਸਿੰਘ ਤੀਰ ਦੀ ਕਵਿਤਾ 'ਨੌਜਵਾਨ ਹਿੰਦੀ ਨੂੰ' ਵਿੱਚੋਂ ਲਿਆ ਗਿਆ ਹੈ। ਇਸ ਕਵਿਤਾ ਵਿਚ ਕਵੀ ਨੇ ਆਪਣੇ ਦੇਸ਼ ਦੇ ਨੌਜਵਾਨਾਂ ਨੂੰ ਭਾਰਤ ਦੀ ਅਜ਼ਾਦੀ ਦੀ ਰਖਵਾਲੀ ਕਰਨ ਅਤੇ ਦੇਸ਼ ਨੂੰ ਹਰਿਆ ਭਰਿਆ ਤੇ ਖੁਸ਼ਹਾਲ ਬਣਾਉਣ ਲਈ ਜਾਨ ਦੀ ਬਾਜ਼ੀ ਲਾਉਣ ਲਈ ਵੰਗਾਰਦਾ ਹੈ।

**ਵਿਆਖਿਆ**- ਕਵੀ ਭਾਰਤ ਦੇਸ਼ ਦੇ ਗੱਭਰੂ ਨੌਜਵਾਨ ਨੂੰ ਕਹਿੰਦਾ ਹੈ ਕਿ ਉਸ ਉੱਤੇ ਸਾਰੇ ਦੇਸ਼ ਦੀ ਨਜ਼ਰ ਟਿਕੀ ਹੋਈ ਹੈ ਤੇ ਤੂੰ ਹੀ ਆਪਣੇ ਦੇਸ਼ ਅਤੇ ਕੌਮੀ ਝੰਡੇ ਦੇ ਨਿਸ਼ਾਨ ਦੀ ਰਾਖੀ ਕਰਨ ਵਾਲਾ ਹੈ। ਭਾਰਤ ਦੇਸ਼ ਦਾ ਨੌਜਵਾਨ ਸੂਰਮਾ ਹੈ ਅਤੇ ਉਸਦੀ ਬਹਾਦਰੀ ਦੀ ਚਰਚਾ ਸਾਰੇ ਸੰਸਾਰ ਵਿੱਚ ਹੈ। ਸਾਰੀ ਦੁਨੀਆ ਨੂੰ ਤੇਰੇ ਬਾਰੇ ਇਹ ਵੀ ਪਤਾ ਹੈ ਕਿ ਤੂੰ ਬਚਨਾਂ ਦਾ ਪੂਰਾ ਪੱਕਾ ਅਤੇ ਆਪਣੀ ਅਣਖ਼-ਆਨ ਨੂੰ ਕਾਇਮ ਰੱਖਣ ਲਈ ਕੋਈ ਵੀ ਕੁਰਬਾਨੀ ਕਰ ਸਕਦਾ ਹੈ। ਜਿਹੜੇ ਵੀ ਦੇਸ਼ ਲਾਲਚ ਤੇ ਬੁਰੀ ਦ੍ਰਿਸ਼ਟੀ ਨਾਲ ਤੇਰੇ ਵਲ ਮੂੰਹ ਕਰੇ ਤਾਂ ਤੂੰ ਅਜਿਹੇ ਸ਼ੈਤਾਨ ਦਾ ਮੂੰਹ ਮੋੜ ਕੇ ਜਵਾਬ ਦਿੰਦਾ ਹੈ।

ਬਣਾ ਕੇ ਦੇਸ਼ ਆਪਣਾ, ਸੁਰਗਾ ਪੁਰੀ ਜਿਹਾ। ਭਾਰਤ ਸਦਾਵੇ ਜੱਗ ਤੇ, ਸੂਰਜ ਜਹਾਨ ਦਾ।

ਹੈ ਕੌਣ ਜੋ ਲੋਹਾ ਲਏ, ਤੇਰੇ ਆ ਸਾਹਮਣੇ। ਦੁਨੀਆ ਹੈ ਲੋਹਾ ਮੰਨਦੀ, ਹਿੰਦੀ ਜਵਾਨ ਦਾ।

**ਪ੍ਰਸੰਗ** - ਇਹ ਕਾਵਿ ਟੋਟਾ ਸਾਹਿਤ-ਮਾਲਾ ਪੁਸਤਕ ਵਿੱਚ ਦਰਜ ਵਿਧਾਤਾ ਸਿੰਘ ਤੀਰ ਦੀ ਕਵਿਤਾ ਨੌਜਵਾਨ ਹਿੰਦੀ ਨੂੰ ਵਿੱਚੋਂ ਲਿਆ ਗਿਆ ਹੈ। ਇਨ੍ਹਾਂ ਸਤਰਾਂ ਵਿੱਚ ਕਵੀ ਨੇ ਆਪਣੇ ਦੇਸ਼ ਭਾਰਤ ਦੀ ਸ਼ਾਨ ਤੇ ਅਜ਼ਾਦੀ ਦੀ ਰਖਵਾਲੀ ਕਰਨ ਅਤੇ ਦੇਸ਼ ਨੂੰ ਖੁਸ਼ਹਾਲ ਬਣਾਉਣ ਲਈ ਜਾਨ ਦੀ ਬਾਜ਼ੀ ਲਈ ਵੰਗਾਰਦਾ ਹੈ।

ਵਿਆਖਿਆ - ਕਵੀ ਭਾਰਤੀ ਨੌਜਵਾਨ ਨੂੰ ਕਹਿੰਦਾ ਹੈ ਕਿ ਤੈਨੂੰ ਆਪਣੀ ਮਿਹਨਤ ਨਾਲ ਆਪਣੇ ਦੇਸ਼ ਨੂੰ ਸਵਰਗ ਜਿਹਾ ਅਤੇ ਸਾਰੇ ਸੁੱਖਾਂ ਨਾਲ ਭਰਿਆ ਬਣਾ ਦੇਣਾ ਚਾਹੀਦਾ ਹੈ ਕਿ ਸਾਰੀ ਦੁਨੀਆ ਵਿੱਚ ਇਹ ਚਮਕਦੇ ਹੋਏ ਸੂਰਜ ਵਾਂਗ ਦਿਖਾਈ ਦਵੇ। ਤੇਰੀ ਬਹਾਦਰੀ ਦੇ ਸਾਹਮਣੇ ਕਿਸਦੀ ਹਿੰਮਤ ਹੈ ਕਿ ਤੇਰੀ ਸੂਰਬੀਰਤਾ ਨਾਲ ਟੱਕਰ ਲਵੇ । ਸਾਰੀ ਹੀ ਦੁਨੀਆ ਨੂੰ ਤੇਰੀ ਅਜਿੱਤ ਤਾਕਤ ਬਾਰੇ ਪਤਾ ਹੈ । ਤੈਨੂੰ ਕਿਸੇ ਵੀ ਮੁਕਾਬਲੇ ਵਿੱਚ ਕੋਈ ਵੀ ਤਾਕਤ ਹਰਾ ਨਹੀਂ ਸਕਦੀ ।

**ਪ੍ਰਸ਼ਨ -'ਨੌਜਵਾਨ ਹਿੰਦੀ ਨੂੰ' ਕਵਿਤਾ ਦਾ ਕੇਂਦਰੀ ਭਾਵ 40 ਸ਼ਬਦਾਂ ਵਿੱਚ ਲਿਖੋ ।**

ਉੱਤਰ- ਕਵੀ ਕਹਿੰਦਾ ਹੈ ਕਿ ਭਾਰਤ ਦੇਸ਼ ਦੇ ਨੌਜਵਾਨਾਂ ਨੂੰ ਆਪਣੇ ਦੇਸ਼ ਦੀ ਅਜ਼ਾਦੀ ਲਈ ਹਰ ਸਮੇਂ ਆਪਣੇ ਆਪ ਨੂੰ ਕੁਰਬਾਨੀ ਦੇਣ ਲਈ ਹਮੇਸ਼ਾਂ ਤਿਆਰ ਰਹਿਣਾ ਚਾਹੀਦਾ ਹੈ। ਸਾਰੀ ਦੁਨੀਆ ਨੂੰ ਪਤਾ ਹੈ ਕਿ ਤੂੰ ਸੂਰਬੀਰ, ਬਹਾਦਰ ਤੇ ਅਜਿੱਤ ਤਾਕਤ ਦਾ ਮਾਲਕ ਹੈ ।ਭਾਰਤ ਦੇਸ਼ ਨੂੰ ਆਪਣੀ ਮਿਹਨਤ ਨਾਲ ਹਰ ਤਰਾਂ ਦੇ ਸੁੱਖਾਂ ਨਾਲ ਭਰਪੂਰ ਕਰ ਦੇਣਾ ਚਾਹੀਦਾ ਹੈ ।

## ★ ਵਸਤੂਨਿਸ਼ਠ ਪ੍ਰਸ਼ਨ ★

**ਪ੍ਰਸ਼ਨ - ਕਵੀ ਅਨੁਸਾਰ ਨੌਜਵਾਨ ਕਿਸ ਦਾ ਰਖਵਾਲਾ ਹੈ ?**

ਉੱਤਰ - ਦੇਸ਼ ਅਤੇ ਕੌਮੀ ਨਿਸ਼ਾਨ ਦਾ ।

**ਪ੍ਰਸ਼ਨ- ਕਵੀ ਨੌਜਵਾਨ ਹਿੰਦੀ ਨੂੰ ਕਿਸ ਚੀਜ ਦੀ ਹੱਲਾ-ਸ਼ੇਰੀ ਦਿੰਦਾ ਹੈ ?**

ਉੱਤਰ- ਦੇਸ਼ ਲਈ ਮਰ ਮਿਟਣ ਦੀ ।

**ਪ੍ਰਸ਼ਨ- ਸ਼ਹੀਦ ਹੋ ਕੇ ਨੌਜਵਾਨ ਕਿਸ ਤਰਾਂ ਚਮਕੇਗਾ ?**

ਉੱਤਰ- ਅਸਮਾਨ ਦੇ ਤਾਰੇ ਵਾਂਗ ।

ਪ੍ਰਸ਼ਨ- ਕੌਣ ਦੇਸ਼ ਅਤੇ ਕੌਮੀ ਨਿਸ਼ਾਨ ਦਾ ਰਾਖਾ ਹੈ ?

ਉੱਤਰ- ਨੌਜਵਾਨ ।

ਪ੍ਰਸ਼ਨ- ਕਵੀ ਅਨੁਸਾਰ ਦੁਨੀਆ ਕਿਸਦਾ ਲੋਹਾ ਮੰਨਦੀ ਹੈ ?

ਉੱਤਰ- ਨੌਜਵਾਨ ਹਿੰਦੀ ਦਾ ।

ਪ੍ਰਸ਼ਨ- 'ਨੌਜਵਾਨ ਹਿੰਦੀ ਨੂੰ' ਕਵਿਤਾ ਵਿਚ ਕਵੀ ਨੌਜਵਾਨ ਨੂੰ ਆਪਣੇ ਦੇਸ਼ ਨੂੰ ਕਿਹੋ ਜਿਹਾ ਬਣਾਉਣ ਲਈ ਕਹਿੰਦਾ ਹੈ ?

ਉੱਤਰ- ਸੁਰਗਪੁਰੀ ਜਿਹਾ ।



★ ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ ) ਮੋਬਾਈਲ - 75087-27529

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰ. ਰਣ ਸਿੰਘ ।

★ ਵਤਨ ਸਿੰਘ ਸੰਧੂ(ਪੰਜਾਬੀ ਮਾਸਟਰ)ਸਰ.ਹਾਈ ਸਕੂਲ ਅਮਰਕੋਟ 9855539200